## ਚੈਰੀਟੀਆਂ ਦੀ ਸੂਚੀ ਅਤੇ ਦੂਸਰੇ ਔੱਨਲਾਈਨ ਸਾਧਨ

ਚੈਰੀਟੀਆਂ ਦੀ ਸੂਚੀ ਵੇਖਣ ਲਈ **www.cra.gc.ca/charitylists** `ਤੇ ਜਾਓ। ਤੁਸੀਂ ਸਾਰੀਆਂ ਰਜਿਸਟਰਡ ਚੈਰੀਟੀਆਂ ਬਾਰੇ ਹੇਠ ਦੱਸੀਆਂ ਗੱਲਾਂ ਸਣੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- ਉਹ ਜਿਹੜੀਆਂ ਤੁਹਾਡੇ ਭਾਈਚਾਰੇ ਵਿੱਚ ਕੰਮ ਕਰਦੀਆਂ ਹਨ;
- ਰਜਿਸਟਰੇਸ਼ਨ ਦੀਆਂ ਮਿਤੀਆਂ;
- ਮੁਆਵਜ਼ਾ;
- ਪ੍ਰੋਗਰਾਮ ਅਤੇ ਸਰਗਰਮੀਆਂ; ਅਤੇ
- ਧਨ ਇਕੱਤਰ ਕਰਨਾ ਅਤੇ ਪਰਬੰਧਕੀ ਖਰਚੇ।

ਹੇਠ ਦੱਸੀਆਂ ਗੱਲਾਂ ਸਣੇ ਸਿਆਣਪ ਨਾਲ ਦਾਨ ਦੇਣ ਦੇ ਸਾਧਨਾਂ ਬਾਰੇ *ਚੈਰੀਟੀ ਨੂੰ ਦਾਨ ਦੇਣਾ: ਦਾਨੀਆਂ ਲਈ ਜਾਣਕਾਰੀ* (*Giving to charity: Information for donors / Faire un don de bienfaisance : renseignements à l'intention des donateurs*) ਦੇ ਵੈੱਬ ਸਫ਼ੇ ਵੇਖਣ ਲਈ **www.cra.gc.ca/donors** `ਤੇ ਜਾਓ।

- ਉਪਕਾਰੀ ਦਾਨ ਟੈਕਸ ਛੋਟ **ਗਣਨ ਜੰਤਰ** (Charitable donation tax credit calculator / Calculateur du crédit d'impôt pour don de bienfaisance);
- *ਰਜਿਸਟਰਡ ਚੈਰੀਟੀਆਂ ਨੂੰ ਦਾਨ ਦੇਣਾ ੧੦੧* (*Giving to registered charities 101 / Comment faire un don à des organismes de bienfaisance enregistrés*) ਦੇ ਨਾਂ ਨਾਲ ਜਾਣੀ ਜਾਂਦੀ ਵਿਡੀਓ ਲੜੀ; ਅਤੇ
- **ਸਵਾਲ ਅਤੇ ਖਬਰਦਾਰੀ ਦੇ ਚਿੰਨ੍ਹ** ਜਿਹੜੇ ਧੋਖੇ ਦੇ ਚਿੰਨ੍ਹਾਂ ਨੂੰ ਪਛਾਣਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

## ਸੀਆਰਏ ਨਾਲ ਸੰਪਰਕ ਕਰੋ

**ਔੱਨਲਾਈਨ**
www.cra.gc.ca/donors

**ਟੈਲੀਫੋਨ ਰਾਹੀਂ**
੧-੮੦੦-੨੬੭-੨੩੮੪

**ਡਾਕ ਰਾਹੀਂ**
Charities Directorate
Canada Revenue Agency
Ottawa ON K1A 0L5

## ਮੇਰੀਆਂ ਮਨਪਸੰਦ ਰਜਿਸਟਰਡ ਚੈਰੀਟੀਆਂ

- ਨਾਂ: ____________________
  ਰਜਿਸਟਰੇਸ਼ਨ ਨੰਬਰ: ____________________
  ਦਾਨ ਦੀ ਤਰੀਕ: ____________________
  ਦਾਨ ਦੀ ਰਕਮ: ____________________

- ਨਾਂ: ____________________
  ਰਜਿਸਟਰੇਸ਼ਨ ਨੰਬਰ: ____________________
  ਦਾਨ ਦੀ ਤਰੀਕ: ____________________
  ਦਾਨ ਦੀ ਰਕਮ: ____________________

- ਨਾਂ: ____________________
  ਰਜਿਸਟਰੇਸ਼ਨ ਨੰਬਰ: ____________________
  ਦਾਨ ਦੀ ਤਰੀਕ: ____________________
  ਦਾਨ ਦੀ ਰਕਮ: ____________________

# ਸਿਆਣਪ ਨਾਲ ਦਾਨ ਕਿਵੇਂ ਦੇਈਏ

## ਕਨੇਡਾ ਰੈਵੀਨਿਊ ਏਜੰਸੀ ਅਤੇ ਰਜਿਸਟਰਡ ਚੈਰੀਟੀਆਂ







RC4407-PUN Rev. 11

Canada Revenue Agency / Agence du revenu du Canada

Canada

## ਸੀਆਰਏ ਅਤੇ ਰਜਿਸਟਰਡ ਚੈਰੀਟੀਆਂ

**ਕੀ ਤੁਹਾਨੂੰ ਪਤਾ ਸੀ ਕਿ ਕਨੇਡਾ ਵਿੱਚ ੮੫,੦੦੦ ਤੋਂ ਵੱਧ ਰਜਿਸਟਰਡ ਚੈਰੀਟੀਆਂ ਹਨ?**

ਕਨੇਡਾ ਰੈਵੀਨਿਊ ਏਜੰਸੀ (ਸੀਆਰਏ) (Canada Revenue Agency (CRA) / Agence du revenue du Canada (ARC)):

- ਰਜਿਸਟਰਡ ਹੈਸੀਅਤ ਲਈ ਅਰਜ਼ੀਆਂ ਦਾ ਰਿਵੀਊ ਕਰਦੀ ਹੈ;
- ਨਿਰਨਾ ਕਰਦੀ ਹੈ ਕਿ ਕੀ ਕਿਸੇ ਸੰਗਠਨ ਦੇ ਉਦੇਸ਼ ਅਤੇ ਸਰਗਰਮੀਆਂ ਉਪਕਾਰੀ ਅਤੇ ਲੋਕ ਹਿਤ ਵਿੱਚ ਹਨ;
- ਸਾਰੀਆਂ ਰਜਿਸਟਰਡ ਚੈਰੀਟੀਆਂ ਦੀਆਂ ਸਰਗਰਮੀਆਂ ਅਤੇ ਆਰਥਕ ਸਾਧਨਾਂ ਬਾਰੇ ਜਾਣਕਾਰੀ ਇਕੱਤਰ ਕਰਦੀ ਹੈ ਅਤੇ ਇਸ ਜਾਣਕਾਰੀ ਨੂੰ ਸਾਰੇ ਕਨੇਡੀਅਨਾਂ ਲਈ ਸੁਲੱਭ ਕਰਦੀ ਹੈ; ਅਤੇ
- ਇਹ ਨਿਸ਼ਚਿਤ ਕਰਨ ਲਈ ਕਿ ਰਜਿਸਟਰਡ ਚੈਰੀਟੀਆਂ ਉਪਕਾਰੀ ਉਦੇਸ਼ਾਂ ਲਈ ਕੰਮ ਕਰਦੀਆਂ ਰਹਿਣ ਅਤੇ ਆਪਣੇ ਸਰੋਤਾਂ ਨੂੰ ਉਪਕਾਰੀ ਸਰਗਰਮੀਆਂ ਲਈ ਅਰਪਣ ਕਰਦੀਆਂ ਰਹਿਣ, ਲੇਖਾ ਪਰੀਖਿਆ ਕਰਦੀ ਹੈ।

ਜਦੋਂ ਚੈਰੀਟੀ ਰਜਿਸਟਰ ਹੋ ਜਾਂਦੀ ਹੈ ਤਾਂ:

- ਇਸ ਨੂੰ ਇੱਕ ਰਜਿਸਟਰੇਸ਼ਨ ਨੰਬਰ ਮਿਲਦਾ ਹੈ;
- ਇਹ ਇੰਕਮ ਟੈਕਸ ਉਦੇਸ਼ਾਂ ਲਈ ਰਸਮੀ ਦਾਨ ਰਸੀਦਾਂ ਜਾਰੀ ਕਰ ਸਕਦੀ ਹੈ;
- ਇਸ ਨੂੰ ਇੰਕਮ ਟੈਕਸ ਨਹੀਂ ਦੇਣਾ ਪੈਂਦਾ; ਅਤੇ
- ਇਸ ਨੂੰ ਹਰ ਸਾਲ *ਰਜਿਸਟਰਡ ਚੈਰੀਟੀ ਇਨਫਾਰਮੇਸ਼ਨ ਰਿਟਰਨ* (*Registered Charity Information Return / Déclaration de renseignements des organismes de bienfaisance enregistrés*) ਭਰਨੀ ਪਵੇਗੀ।

## ਟੈਕਸ ਗੁਰ

- ਸਿਰਫ ਕਨੇਡੀਅਨ ਰਜਿਸਟਰਡ ਚੈਰੀਟੀਆਂ ਜਾਂ ਦੂਸਰੇ ਯੋਗ ਦਾਨ ਪ੍ਰਾਪਤ-ਕਰਤਾ ਟੈਕਸ ਛੋਟ ਦੇ ਯੋਗ ਰਸਮੀ ਦਾਨ ਰਸੀਦਾਂ ਜਾਰੀ ਕਰ ਸਕਦੇ ਹਨ।
- **www.cra.gc.ca/charitylists** `ਤੇ ਸੀਆਰਏ ਦੀ ਚੈਰੀਟੀਆਂ ਦੀ ਸੂਚੀ ਵਿੱਚ ਕਿਸੇ ਸੰਗਠਨ ਬਾਰੇ ਭਾਲ ਕਰ ਕੇ ਜਾਂ **੧-੮੦੦-੨੬੭-੨੩੮੪** `ਤੇ ਫੋਨ ਕਰ ਕੇ ਜਾਣੋ ਕਿ ਕੀ ਇਹ ਸੰਸਥਾ ਇੱਕ ਰਜਿਸਟਰਡ ਚੈਰੀਟੀ ਹੈ।
- ਆਪਣੇ ਦਾਨ ਲਈ ਟੈਕਸ ਛੋਟ ਦਾ ਦਾਹਵਾ ਕਰਨ ਵਾਸਤੇ ਤੁਹਾਡੇ ਕੋਲ ਅਜੇਹੀ ਰਸੀਦ ਹੋਣੀ ਚਾਹੀਦੀ ਹੈ ਜੋ ਇਹ ਦੱਸੇ ਕਿ ਇਹ "ਇੰਕਮ ਟੈਕਸ ਉਦੇਸ਼ਾਂ ਲਈ ਰਸਮੀ ਰਸੀਦ" ਹੈ।
- ਸੇਵਾਵਾਂ ਦਾ ਯੋਗਦਾਨ (ਜਿਵੇਂ ਕਿ ਸਮਾਂ, ਮੁਹਾਰਤ, ਅਤੇ ਉਪਰਾਲਾ) ਰਸਮੀ ਦਾਨ ਰਸੀਦਾਂ ਲਈ ਯੋਗ **ਨਹੀਂ ਹਨ।**
- ੨੦੦ ਡਾਲਰ ਤੋਂ ਉੱਤੇ ਦੀ ਕੁਲ ਪਾਤਰ ਰਾਸ਼ੀ ਵੱਧ ਟੈਕਸ ਛੋਟ ਦੇ ਯੋਗ ਹੈ, ਅਤੇ ਤੁਸੀਂ ਦਾਨ ਕਰਨ ਤੋਂ ਪੰਜ ਸਾਲ ਬਾਅਦ ਤੱਕ ਦਾਨ ਉੱਤੇ ਛੋਟ ਲੈ ਸਕਦੇ ਹੋ। ਇਹ ਕਈ ਸਾਲਾਂ ਦੇ ਦੌਰਾਨ ਦਿੱਤੇ ਦਾਨਾਂ ਨੂੰ ਜੋੜ ਕੇ ਤੁਹਾਨੂੰ ਤੁਹਾਡੇ ਉਪਕਾਰੀ ਦਾਨ ਟੈਕਸ ਛੋਟਾਂ ਨੂੰ ਵੱਧ ਤੋਂ ਵੱਧ ਕਰਨ ਦਿੰਦਾ ਹੈ। ਤੁਸੀਂ ਆਪਣੀਆਂ ਰਸੀਦਾਂ ਨੂੰ ਆਪਣੇ ਦੰਪਤੀ ਜਾਂ ਕਾੱਮਨ-ਲਾ ਪਾਰਟਨਰ ਦੀਆਂ ਰਸੀਦਾਂ ਨਾਲ ਵੀ ਜੋੜ ਸਕਦੇ ਹੋ।
- ਸਿਰਫ ਆਪਣੀ ਰਿਟਰਨ ਦੇ ਟੈਕਸ ਸਾਲ ਦੀ ੩੧ ਦਿਸੰਬਰ ਜਾਂ ਉਸ ਤੋਂ ਪਹਿਲਾਂ ਦਿੱਤੇ ਦਾਨਾਂ ਲਈ ਹੀ ਦਾਹਵਾ ਕਰੋ।

## ਧੋਖੇ ਤੋਂ ਬਚਣਾ

- ਨਿਸ਼ਚਿਤ ਕਰੋ ਕਿ ਤੁਹਾਨੂੰ ਪਤਾ ਹੋਵੇ ਕਿ ਤੁਸੀਂ ਕਿਸ ਨੂੰ ਦਾਨ ਦੇ ਰਹੇ ਹੋ। ਕਦੇ ਕਦੇ ਧੋਖੇਬਾਜ਼ ਸੰਗਠਨ ਅਜਿਹੇ ਨਾਂ ਵਰਤਦੇ ਹਨ ਜੋ ਨਾਮੀ ਅਤੇ ਸਨਮਾਨਤ ਰਜਿਸਟਰਡ ਚੈਰੀਟੀਆਂ ਦੇ ਨਾਂਵਾਂ ਨਾਲ ਮਿਲ਼ਦੇ ਜੁਲਦੇ ਹੁੰਦੇ ਹਨ। ਦਾਨ ਦੇਣ ਤੋਂ ਪਹਿਲਾਂ ਚੈਰੀਟੀ ਦੇ ਬਾਰੇ ਜਾਣਨ `ਤੇ ਸਮਾਂ ਲਾਓ।
- ਤੁਹਾਨੂੰ ਤੁਹਾਡੀ ਲਾਗਤ ਤੋਂ ਜ਼ਿਆਦਾ ਟੈਕਸ ਬਚਤਾਂ ਦਾ ਵਾਇਦਾ ਕਰਨ ਵਾਲੀਆਂ ਜੁਗਤਾਂ ਤੋਂ ਸੁਚੇਤ ਰਹੋ, ਜੋ ਇੰਝ ਤੁਹਾਨੂੰ ਰਜਿਸਟਰਡ ਚੈਰੀਟੀ ਨੂੰ ਦਿੱਤੇ ਦਾਨ ਤੋਂ "ਲਾਭ" ਹੋਣ ਦਿੰਦੀਆਂ ਹਨ।
- ਰਜਿਸਟਰਡ ਚੈਰੀਟੀਆਂ ਨੂੰ ਭੁਗਤਾਨਯੋਗ ਚੈੱਕ ਲਿਖੋ, ਨਾ ਕਿ ਵਿਅਕਤੀਆਂ ਨੂੰ, ਅਤੇ ਇਹ ਨਿਸ਼ਚਿਤ ਕਰੋ ਕਿ ਤੁਹਾਡੇ ਆੱਨਲਾਈਨ ਭੁਗਤਾਨ ਸੁਰੱਖਿਅਤ ਹੋਣ।
- ਜੇ ਫੌਰਨ ਦਾਨ ਦੇਣ ਲਈ ਅਣਉੱਚਤ ਦਬਾ ਹੋਵੇ, ਜੇ ਤੁਹਾਨੂੰ ਤੁਹਾਡੇ ਅਸਲ ਦਾਨ ਕਰਨ ਤੋਂ ਵੱਧ ਦੀ ਰਸੀਦ ਪੇਸ਼ ਕੀਤੀ ਜਾਵੇ, ਜਾਂ ਜੇ ਧੋਖੇ ਦੇ ਦੂਸਰੇ ਚਿੰਨ੍ਹ ਹੋਣ ਤਾਂ ਦਾਨ ਦੇਣ ਤੋਂ ਮਨਾ ਕਰ ਦਿਓ।
- **੧-੮੮੮-੪੯੫-੮੫੦੧** `ਤੇ ਫੋਨ ਕਰਕੇ ਕਨੇਡੀਅਨ ਐਂਟੀ-ਫਰਾਡ ਸੈਂਟਰ (Canadian Anti-Fraud Centre / Centre antifraude du Canada) ਨੂੰ ਧੋਖੇ ਦੀ ਰਿਪੋਰਟ ਕਰੋ।